ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਲੁਧਿਆਣਾ ਦਾ ਮੁੰਡਾ ਆਸਟ੍ਰੇਲੀਆ 'ਚ ਬਣੇਗਾ MP

ਬ੍ਰਿਸਬੇਨ: ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੀ ਮਿਹਨਤ ਸਦਕਾ ਨਵੇਂ ਮੁਕਾਮ ਹਾਸਿਲ ਕਰਦੇ ਹਨ। ਅਜਿਹੀ ਹੀ ਇੱਕ ਮਾਣ ਵਾਲੀ ਖ਼ਬਰ ਆਸਟ੍ਰੇਲੀਆ ਤੋਂ ਸਾਹਮਣੇ ਆਈ ਹੈ ਜਿੱਥੇ ਲੁਧਿਆਣਾ ਦੇ ਰਹਿਣ ਵਾਲੇ ਬਲਦੇਵ ਸਿੰਘ ਸਨੀ ਨੂੰ ਆਗਾਮੀ ਚੋਣਾਂ ਲਈ MP ਦੀ ਟਿਕਟ ਦਿੱਤੀ ਗਈ ਹੈ।

ਸੰਘਰਸ਼ ਤੋਂ ਸਫ਼ਲਤਾ ਤਕ ਦਾ ਸਫ਼ਰ: ਬਲਦੇਵ ਸਿੰਘ ਸਨੀ ਦਾ ਆਸਟ੍ਰੇਲੀਆ 'ਚ ਸਫ਼ਰ ਇੰਨਾ ਸੌਖਾ ਨਹੀਂ ਸੀ। ਉਹ 12ਵੀਂ ਪਾਸ ਕਰਨ ਤੋਂ ਬਾਅਦ ਸਟੱਡੀ ਵੀਜ਼ਾ 'ਤੇ ਆਸਟ੍ਰੇਲੀਆ ਆਇਆ ਸੀ। ਆਪਣੀ ਪੜ੍ਹਾਈ ਅਤੇ ਗੁਜ਼ਾਰੇ ਦੇ ਖ਼ਰਚੇ ਚਲਾਉਣ ਲਈ ਉਸ ਨੇ ਇਥੇ ਟੈਕਸੀ ਚਲਾਈ, ਟਰੈਕਟਰਾਂ ਦਾ ਕੰਮ ਕੀਤਾ ਅਤੇ ਘੋੜਿਆਂ ਦੇ ਫ਼ਾਰਮਾਂ 'ਚ ਵੀ ਮਿਹਨਤ ਕੀਤੀ। ਆਸਟ੍ਰੇਲੀਆ ਆਉਣ ਤੋਂ ਪਹਿਲਾਂ ਉਹ ਲੁਧਿਆਣਾ 'ਚ ਆਪਣੇ ਪਿਤਾ ਜਗਜੀਤ ਸਿੰਘ ਨਾਲ ਟਰੈਕਟਰਾਂ ਦੇ ਪਾਰਟਸ

ਬਣਾਉਣ ਵਾਲੀ ਇੱਕ ਛੋਟੀ ਜਿਹੀ ਫ਼ੈਕਟਰੀ 'ਚ ਹੱਥ ਵਟਾਉਂਦਾ ਸੀ। ਆਪਣੀ ਸਖ਼ਤ ਮਿਹਨਤ ਨਾਲ ਉਸ ਨੇ ਪਹਿਲਾਂ ਇੱਕ ਕੰਪਨੀ 'ਚ ਇੱਕ ਮੈਨੇਜਰ ਵਜੋਂ ਕੰਮ ਕੀਤਾ ਅਤੇ ਫ਼ਿਰ ਆਪਣਾ ਵੱਡਾ ਕਾਰੋਬਾਰੀ ਸਾਮਰਾਜ ਖੜ੍ਹਾ ਕੀਤਾ।

ਸਿਆਸੀ ਸਫ਼ਰ ਅਤੇ ਲੋਕਾਂ 'ਚ ਪਛਾਣ: ਸਨੀ ਦੀ ਲੋਕਾਂ 'ਚ ਵਧੀਆ ਸਾਖ ਨੂੰ ਦੇਖਦੇ ਹੋਏ ਲਿਬਰਲ ਪਾਰਟੀ (Liberal Party) ਨੇ ਉਸ ਨੂੰ MP ਦੀ ਚੋਣ ਲਈ ਮੈਦਾਨ 'ਚ ਉਤਾਰਿਆ ਹੈ। ਦੱਸ ਦੇਈਏ ਕਿ ਸਨੀ Port Augusta 'ਚ 2018 ਤੋਂ 2024 ਤਕ ਲਗਾਤਾਰ ਦੋ ਵਾਰ ਕੌਂਸਲਰ ਰਹਿ ਚੁੱਕਾ ਹੈ। ਆਪਣੇ ਇਲਾਕੇ 'ਚ ਕਰਵਾਏ ਵਿਕਾਸ ਕਾਰਜਾਂ ਸਦਕਾ ਲੋਕਾਂ 'ਚ ਉਸ ਦਾ ਕਾਫ਼ੀ ਪਿਆਰ ਅਤੇ ਸਤਿਕਾਰ ਹੈ। ਹੁਣ ਉਹ ਮਾਰਚ 2026 'ਚ ਹੋਣ ਵਾਲੀਆਂ ਚੋਣਾਂ 'ਚ ਕਿਸਮਤ ਅਜ਼ਮਾਏਗਾ।

ਨਸਲਵਾਦ ਦਾ ਸਾਹਮਣਾ ਕਰ ਕੇ ਬਣਾਇਆ ਮੁਕਾਮ: ਆਸਟ੍ਰੇਲੀਆ 'ਚ ਸਨੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਇੱਕ ਸਮੇਂ ਉਸ 'ਤੇ ਨਸਲੀ ਟਿੱਪਣੀਆਂ ਵੀ ਕੀਤੀਆਂ ਗਈਆਂ ਸਨ ਜਿਸ ਦੀ ਇੱਕ ਵੀਡੀਓ ਕਾਫ਼ੀ ਵਾਇਰਲ ਹੋਈ ਸੀ। ਪਰ ਉਨ੍ਹਾਂ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਉਹ ਅੱਜ ਆਸਟ੍ਰੇਲੀਆ ਦੇ ਪੋਰਟ ਅਗਸਟਾ ਦਾ ਇੱਕ ਮੰਨਿਆ-ਪ੍ਰਮੰਨਿਆ ਚਿਹਰਾ ਬਣ ਚੁੱਕਾ ਹੈ।

ਪਰਿਵਾਰ 'ਚ ਖ਼ੁਸ਼ੀ ਦੀ ਲਹਿਰ: ਸਨੀ ਦੀ ਇਸ ਪ੍ਰਾਪਤੀ 'ਤੇ ਉਸ ਦੇ ਪਿਤਾ ਜਗਜੀਤ ਸਿੰਘ ਨੇ ਬੇਹਦ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਬੇਟਾ ਬਹੁਤ ਹੋਣਹਾਰ ਹੈ, ਅਤੇ ਉਸ ਨੇ ਵਿਦੇਸ਼ੀ ਧਰਤੀ 'ਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਜੇਕਰ ਸਨੀ ਇਹ ਚੋਣ ਜਿੱਤ ਜਾਂਦਾ ਹੈ ਤਾਂ ਇਹ ਸਮੁੱਚੇ ਪੰਜਾਬੀਆਂ ਲਈ ਇੱਕ ਵੱਡਾ ਮਾਣ ਹੋਵੇਗਾ।

ਪਾਕਿ ਟੈਂਕਾਂ ਨੇ ਉਡਾ ਦਿੱਤੀਆਂ 40 ਮਸਜਿਦਾਂ ਤੇ ਇਮਾਮ ਵੀ ਕੀਤੇ ਅਗਵਾ

ਬਲੋਚਿਸਤਾਨ: ਬਲੋਚ ਮਨੁੱਖੀ ਅਧਿਕਾਰ ਕਾਰਕੁਨ ਮੀਰ ਯਾਰ ਬਲੋਚ ਨੇ ਪਾਕਿਸਤਾਨ ਦੇ ਧਾਰਮਿਕ ਪਖੰਡ ਨੂੰ ਬੇਨਕਾਬ ਕਰ ਕੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਹੈ। ਮੀਰ ਬਲੋਚ ਦੇ ਅਨੁਸਾਰ ਦੁਨੀਆ ਭਰ 'ਚ ਇਸਲਾਮ ਦੇ ਰੱਖਿਅਕ ਹੋਣ ਦਾ ਦਿਖਾਵਾ ਕਰਨ ਵਾਲੇ ਪਾਕਿਸਤਾਨ ਨੇ ਹੁਣ ਤਕ ਬਲੋਚਿਸਤਾਨ 'ਚ 40 ਤੋਂ ਵੱਧ ਮਸਜਿਦਾਂ ਨੂੰ ਟੈਂਕਾਂ 'ਤੇ ਤੋਪਖਾਨੇ ਨਾਲ ਤਬਾਹ ਕਰ ਦਿੱਤਾ ਹੈ।

ਸੂਤਰਾਂ ਅਨੁਸਾਰ ਇਹ ਖੁਲਾਸਾ ਅਜਿਹੇ ਸਮੇਂ ਹੋਇਆ ਹੈ ਜਦੋਂ ਪਾਕਿਸਤਾਨ ਭਾਰਤ ਵਿਰੁੱਧ ਮਨਘੜਤ ਦੋਸ਼ ਲਗਾ ਰਿਹਾ ਹੈ। ਬਲੋਚ ਨੇਤਾ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨ ਨੂੰ ਧਾਰਮਿਕ ਆਜ਼ਾਦੀ ਦਾ ਪ੍ਰਚਾਰ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਕਿਉਂ ਕਿ ਇਸ ਦਾ ਆਪਣਾ ਇਤਿਹਾਸ ਘੱਟ ਗਿਣਤੀਆਂ ਅਤੇ ਬਲੋਚ ਮੁਸਲਮਾਨਾਂ ਦੇ ਜ਼ੁਲਮ ਨਾਲ ਭਰਿਆ ਹੋਇਆ ਹੈ। ਮੀਰ ਯਾਰ ਬਲੋਚ ਨੇ ਪਾਕਿਸਤਾਨੀ ਫ਼ੌਜ 'ਤੇ ਬਹੁਤ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬਲੋਚਿਸਤਾਨ 'ਚ ਫ਼ੌਜੀ ਕਾਰਵਾਈਆਂ ਦੌਰਾਨ ਮਸਜਿਦਾਂ 'ਤੇ ਸਿੱਧੇ ਤੌਰ 'ਤੇ ਬੰਬਾਰੀ ਕੀਤੀ ਗਈ ਸੀ।

ਉਨ੍ਹਾਂ ਦਾਅਵਾ ਕੀਤਾ ਕਿ ਸੁਰੱਖਿਆ ਬਲਾਂ ਨੇ ਨਾ ਸਿਰਫ਼ ਮਸਜਿਦਾਂ ਨੂੰ ਢਾਹਿਆ ਸਗੋਂ ਪਵਿੱਤਰ ਕੁਰਾਨ ਨੂੰ ਵੀ ਸਾੜ ਦਿੱਤਾ ਤੇ ਧਾਰਮਿਕ ਵਿਦਵਾਨਾਂ (ਇਮਾਮਾਂ) ਨੂੰ ਅਗਵਾ ਕਰ ਲਿਆ। ਬਲੋਚ ਨੇਤਾ ਅਨੁਸਾਰ ਇਨ੍ਹਾਂ ਹਮਲਿਆਂ ਦਾ ਉਦੇਸ਼ ਬਲੋਚ ਭਾਈਚਾਰੇ ਦੇ ਧਾਰਮਿਕ ਵਿਸ਼ਵਾਸ 'ਤੇ ਹਮਲਾ ਕਰਨਾ, ਅਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੋੜਨਾ ਹੈ ਤਾਂ ਜੋ ਉਹ ਆਜ਼ਾਦੀ ਦੀ ਆਪਣੀ ਮੰਗ ਨੂੰ ਤਿਆਗ ਦੇਣ।

ਪਾਕਿਸਤਾਨੀ ਫ਼ੌਜ ਦੀ ਬੇਰਹਿਮੀ ਦਾ ਸਬੂਤ ਦਿੰਦੇ ਹੋਏ ਮੀਰ ਬਲੋਚ ਨੇ ਕਿਹਾ ਕਿ ਬਲੋਚਿਸਤਾਨ ਦੇ ਸਾਬਕਾ ਸ਼ਾਸਕ ਖ਼ਾਨ ਔਫ਼ ਕਲਾਤ ਦੀ ਇਤਿਹਾਸਕ ਮਸਜਿਦ ਪਾਕਿਸਤਾਨੀ ਟੈਂਕਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਪਹਿਲਾ ਧਾਰਮਿਕ ਸਥਾਨ ਸੀ। ਉਸ ਨੇ ਦਾਅਵਾ ਕੀਤਾ ਕਿ ਇਸ ਮਸਜਿਦ ਦੀਆਂ ਕੰਧਾਂ 'ਤੇ ਅਜੇ ਵੀ ਮੋਰਟਾਰ ਗੋਲਿਆਂ ਅਤੇ ਗੋਲੀਆਂ ਦੇ ਨਿਸ਼ਾਨ ਹਨ, ਜੋ ਪਾਕਿਸਤਾਨ ਦੇ ਫ਼ੌਜੀ ਅਤਿਆਚਾਰਾਂ ਦੀ ਗਵਾਹੀ ਭਰਦੇ ਹਨ। ਇਹ ਘਟਨਾ ਪਾਕਿਸਤਾਨ ਦੇ ਇਸਲਾਮੀ ਕਦਰਾਂ-ਕੀਮਤਾਂ ਦੇ ਰੱਖਿਅਕ ਹੋਣ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਝੂਠਲਾਉਂਦੀ ਹੈ।

ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
GREEN PEPPER $1.49 LB 905-678-0300
Personal Loan Business Loan Home Line of Credit 905-965-4644
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam

ਗ੍ਰੀਨਲੈਂਡ ਅਤੇ ਕੈਨੇਡਾ ਬਾਰੇ ਟਰੰਪ ਨੇ ਸ਼ੇਅਰ ਕੀਤੀਆਂ ਤਸਵੀਰਾਂ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੈਨੇਜ਼ੂਏਲਾ 'ਤੇ ਏਅਰਸਟ੍ਰਾਈਕ ਕਰਨ ਮਗਰੋਂ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀਆਂ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਟਰੰਪ ਨੇ ਮੰਗਲਵਾਰ ਨੂੰ ਆਪਣੇ ਟਰੂੱਥ ਸੋਸ਼ਲ ਪਲੈਟਫ਼ੌਰਮ 'ਤੇ ਇੱਕ ਪੋਸਟ ਸਾਂਝੀ ਕੀਤੀ ਜਿਸ 'ਚ ਉਨ੍ਹਾਂ ਨੇ ਇੱਕ ਅਜਿਹੇ ਨਕਸ਼ਾ ਪੇਸ਼ ਕੀਤਾ ਹੈ ਜਿਸ 'ਚ ਕੈਨੇਡਾ, ਗ੍ਰੀਨਲੈਂਡ ਅਤੇ ਵੈਨੇਜ਼ੂਏਲਾ ਨੂੰ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਦਿਖਾਇਆ ਗਿਆ ਹੈ।

ਇਸ AI Generated ਤਸਵੀਰ 'ਚ ਟਰੰਪ ਆਪੇ ਓਵਲ ਔਫ਼ਿਸ 'ਚ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਅਤੇ UK ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਕਈ NATO ਦੇਸ਼ਾਂ ਦੇ ਨੇਤਾਵਾਂ ਨਾਲ ਬੈਠੇ ਦਿਖਾਈ ਦੇ ਰਹੇ ਹਨ। ਰਿਪੋਰਟਾਂ ਅਨੁਸਾਰ ਟਰੰਪ ਨੇ ਇੱਕ ਹੋਰ AI ਨਾਲ ਬਣਾਈ ਗਈ ਤਸਵੀਰ ਸਾਂਝੀ ਕੀਤੀ ਹੈ ਜਿਸ 'ਚ ਉਹ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗ੍ਰੀਨਲੈਂਡ 'ਚ ਅਮਰੀਕੀ ਝੰਡਾ ਲਹਿਰਾ ਰਹੇ ਹਨ। ਇਸ ਤਸਵੀਰ ਨਾਲ ਲਿਖਿਆ ਹੈ, "ਗ੍ਰੀਨਲੈਂਡ

ਅਮਰੀਕੀ ਖੇਤਰ 'ਚ ਸ਼ਾਮਿਲ।"

ਟਰੰਪ ਨੇ NATO ਦੇ ਸਕੱਤਰ-ਜਨਰਲ ਮਾਰਕ ਰੁਟੇ ਨਾਲ ਗੱਲਬਾਤ ਕਰਦਿਆਂ ਗ੍ਰੀਨਲੈਂਡ ਨੂੰ ਅਮਰੀਕੀ ਅਤੇ ਵਿਸ਼ਵ ਸੁਰੱਖਿਆ ਦਾ ਇੱਕ ਅਟੁੱਟ ਅੰਗ ਦੱਸਿਆ ਹੈ। ਇਸ ਦੌਰਾਨ ਅਮਰੀਕਾ ਗ੍ਰੀਨਲੈਂਡ ਦੇ ਪਿਟੁਫ਼ਿਕ ਸਪੇਸ ਬੇਸ 'ਤੇ ਨੌਰਡ ਜਹਾਜ਼ ਤਾਇਨਾਤ ਕਰਨ ਦੀ ਤਿਆਰੀ ਕਰ ਰਿਹਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਡੈਨਮਾਰਕ ਗ੍ਰੀਨਲੈਂਡ ਨੂੰ ਵੇਚਣ ਲਈ ਸਹਿਮਤ ਨਹੀਂ ਹੁੰਦਾ ਤਾਂ 1 ਫ਼ਰਵਰੀ 2026 ਤੋਂ 10 ਫ਼ੀਸਦੀ ਅਤੇ 1 ਜੂਨ 2026 ਤੋਂ 25 ਫ਼ੀਸਦੀ ਟੈਰਿਫ਼ਸ ਲਗਾਏ ਜਾਣਗੇ। ਉਨ੍ਹਾਂ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਇਸ ਕਦਮ ਨੂੰ ਚੀਨ ਅਤੇ ਰੂਸ ਦੇ ਵਧਦੇ ਹਿੱਤਾਂ ਕਾਰਨ ਜ਼ਰੂਰੀ ਦੱਸਿਆ ਹੈ।

ਟਰੰਪ ਨੇ ਪਹਿਲਾਂ ਸੁਝਾਅ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੀਦਾ ਹੈ, ਅਤੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਕਹਿ ਕੇ ਮਜ਼ਾਕ ਉਡਾਇਆ ਸੀ। ਹਾਲਾਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਸੁਝਾਅ ਨੂੰ ਸਿਰੇ ਤੋਂ ਖ਼ਾਰਿਜ ਕਰਦਿਆਂ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ।

ਦੂਜੇ ਪਾਸੇ, ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਦੀ ਗ੍ਰਿਫ਼ਤਾਰੀ ਤੋਂ ਬਾਅਦ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਉੱਥੇ ਓਦੋਂ ਤਕ ਰਹੇਗਾ ਜਦੋਂ ਤਕ ਸੁਰੱਖਿਅਤ ਅਤੇ ਉਚਿਤ ਤਬਦੀਲੀ ਨਹੀਂ ਹੋ ਜਾਂਦੀ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਅਨੁਸਾਰ ਵੈਨੇਜ਼ੂਏਲਾ ਦੇ ਅੰਤਰਿਮ ਅਧਿਕਾਰੀਆਂ ਦੇ ਫ਼ੈਸਲੇ ਪੂਰੀ ਤਰ੍ਹਾਂ ਅਮਰੀਕਾ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

12 Beds, 7 Baths For 24 Guests 905-965-4644
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਦੇਖਭਾਲ 905-450-5600
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ ।

The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.

Contact 905-965-4644
To Book WHITE HOUSE CANADA
www. whitehousecanada.com